# ਕਵਿਤਾ ਭਾਗ

## 1. ਭਾਈ ਵੀਰ ਸਿੰਘ

### 1. ਸਮਾਂ

**(ੳ) ਰਹੀ ਵਾਸਤੇ ਘੱਤ 'ਸਮੇਂ' ਨੇ ਇੱਕ ਨਾ ਮੰਨੀ,**
**ਫੜ ਫੜ ਰਹੀ ਧਰੀਕ 'ਸਮੇਂ' ਖਿਸਕਾਈ ਕੰਨੀ,**
**ਕਿਵੇਂ ਨ ਸੱਕੀ ਰੋਕ ਅਟਕ ਜੋ ਪਾਈ ਭੰਨੀ,**
**ਤ੍ਰਿੱਖੇ ਅਪਣੇ ਵੇਗ ਗਿਆ ਟੱਪ ਬੰਨੇ ਬੰਨੀ।**

**ਪ੍ਰਸੰਗ -** ਇਹ ਕਾਵਿ-ਟੋਟਾ ਨੌਵੀਂ ਜਮਾਤ ਪੰਜਾਬੀ ਦੀ ਪੁਸਤਕ 'ਸਾਹਿਤ-ਮਾਲਾ' ਵਿੱਚ ਦਰਜ ਭਾਈ ਵੀਰ ਸਿੰਘ ਦੀ ਕਵਿਤਾ 'ਸਮਾਂ' ਵਿੱਚੋਂ ਲਿਆ ਗਿਆ ਹੈ। ਇਸ ਵਿੱਚ ਭਾਈ ਸਾਹਿਬ ਸਮੇਂ ਦੇ ਸਦਾ ਚੱਲਦੇ ਰਹਿਣ ਵਾਲੇ ਸੁਭਾਅ ਨੂੰ ਬਿਆਨ ਕਰਦੇ ਹੋਏ ਲਿਖਦੇ ਹਨ ਕਿ ਸਮੇਂ ਨੂੰ ਕਿਸੇ ਵੀ ਤਰ੍ਹਾਂ ਰੋਕਿਆ ਨਹੀਂ ਜਾ ਸਕਦਾ। ਇਹ ਆਪਣੀ ਚਾਲ ਚਲਦਾ ਰਹਿੰਦਾ ਹੈ ।

**ਵਿਆਖਿਆ -** ਭਾਈ ਸਾਹਿਬ ਇਸਤਰੀ ਰੂਪ ਵਿੱਚ ਲਿਖਦੇ ਹਨ ਕਿ ਮੈਂ ਸਮੇਂ ਨੂੰ ਰੋਕਣ ਲਈ ਉਸ ਅੱਗੇ ਤਰਲੇ ਮਿੰਨਤਾਂ ਕਰ ਕੇ ਥੱਕ ਗਈ ਹਾਂ ਕਿ ਉਹ ਰੁੱਕ ਜਾਵੇ, ਪਰ ਸਮੇਂ ਨੇ ਮੇਰੀ ਕੋਈ ਵੀ ਗੱਲ ਨਹੀਂ ਮੰਨੀ। ਉਸ ਨੂੰ ਰੋਕਣ ਲਈ, ਮੈਂ ਉਸ ਦੇ ਪੱਲੇ ਤੋਂ ਫੜ੍ਹ ਕੇ ਆਪਣੇ ਵੱਲ ਖਿੱਚਿਆ ਪਰ ਉਹ ਪੱਲਾ ਛੁਡਾ ਕੇ ਵੀ ਚਲਾ ਗਿਆ। ਮੈਂ ਕੋਈ ਵੀ ਹੀਲਾ ਵਰਤ ਕੇ ਉਸ ਨੂੰ ਰੋਕ ਨਹੀਂ ਸਕੀ। ਮੈਂ ਉਸ ਨੂੰ ਰੋਕਣ ਲਈ ਉਸ ਦੇ ਰਸਤੇ ਵਿੱਚ ਜਿਹੜੀ ਵੀ ਰੁਕਾਵਟ ਪਾਈ ਉਹ ਉਸ ਨੂੰ ਭੰਨ-ਤੋੜ ਕੇ ਅੱਗੇ ਲੰਘ ਗਿਆ। ਉਹ ਆਪਣੀ ਤਿੱਖੀ ਚਾਲ ਨਾਲ ਮੇਰੀਆਂ ਸਾਰੀਆਂ ਰੁਕਾਵਟਾਂ ਨੂੰ ਚੀਰਦਾ ਹੋਇਆ ਚਲਾ ਗਿਆ। ਮਨੁੱਖ ਕੋਈ ਵੀ ਹੀਲਾ ਵਰਤ ਕੇ ਸਮੇਂ ਨੂੰ ਆਪਣੇ ਕਾਬੂ ਵਿੱਚ ਨਹੀਂ ਰੱਖ ਸਕਦਾ। ਸਮਾਂ ਬਹੁਤ ਤੇਜ ਰਫ਼ਤਾਰ ਨਾਲ ਲੰਘ ਜਾਂਦਾ ਹੈ। ਇਸ ਲਈ ਸਾਨੂੰ ਵਰਤਮਾਨ ਸਮੇਂ ਦਾ ਸਦ-ਉਪਯੋਗ ਕਰਕੇ ਉਸ ਨੂੰ ਸਫਲ ਬਣਾਉਣਾ ਚਾਹੀਦਾ ਹੈ।

**(ਅ) ਹੇ ! ਅਜੇ ਸੰਭਾਲ ਇਸ 'ਸਮੇਂ' ਨੂੰ,**
**ਕਰ ਸਫਲ ਉਡੰਦਾ ਜਾਂਵਦਾ,**
**ਇਹ ਠਹਿਰਨ ਜਾਚ ਨ ਜਾਣਦਾ,**
**ਲੰਘ ਗਿਆ ਨ ਮੁੜਕੇ ਆਂਵਦਾ ।**

**ਪ੍ਰਸੰਗ -** ਇਹ ਕਾਵਿ-ਟੋਟਾ ਨੌਵੀਂ ਜਮਾਤ ਦੀ ਪੰਜਾਬੀ ਦੀ ਪੁਸਤਕ 'ਸਾਹਿਤ-ਮਾਲਾ' ਵਿੱਚ ਦਰਜ ਭਾਈ ਵੀਰ ਸਿੰਘ ਦੀ ਕਵਿਤਾ 'ਸਮਾਂ' ਵਿੱਚੋਂ ਲਿਆ ਗਿਆ ਹੈ। ਇਨ੍ਹਾਂ ਸਤਰਾਂ ਵਿੱਚ ਭਾਈ ਸਾਹਿਬ ਨੇ ਮਨੁੱਖ ਨੂੰ ਆਪਣੇ ਵਰਤਮਾਨ ਸਮੇਂ ਨੂੰ ਨਾਮ ਸਿਮਰਨ ਅਤੇ ਹੋਰ ਚੰਗੇ ਕੰਮਾਂ ਵਿਚ ਲਾ ਕੇ ਸਫਲ ਕਰਨ ਲਈ ਕਿਹਾ ਹੈ।

**ਵਿਆਖਿਆ -** ਭਾਈ ਸਾਹਿਬ ਲਿਖਦੇ ਹਨ ਕਿ ਹੇ ਮਨੁੱਖ ! ਤੂੰ ਅਜੇ ਵੀ ਸੰਭਲ ਜਾ ਅਤੇ ਜੋ ਸਮਾਂ ਤੇਰੇ ਕੋਲ ਹੈ, ਉਸ ਦੀ ਸੰਭਾਲ ਕਰ ਲੈ, ਵਰਤਮਾਨ ਸਮਾਂ ਜੋ ਅਜੇ ਤੇਰੇ ਹੱਥ ਵਿੱਚ ਹੈ, ਤੂੰ ਉਸ ਨੂੰ ਨਾਮ ਸਿਮਰਨ ,ਸਤਿਸੰਗ ਅਤੇ ਚੰਗੇ ਕਰਮਾਂ

ਵਿੱਚ ਲਾ ਕੇ ਸਫਲ ਕਰ ਲੈ। ਜੇ ਤੂੰ ਇੰਝ ਨਾ ਕੀਤਾ ਤਾਂ ਸਮੇਂ ਨੇ ਬਹੁਤ ਤੇਜ ਚਾਲ ਚਲਦੇ ਹੋਏ ਤੇਰੇ ਹੱਥੋਂ ਨਿਕਲ ਜਾਣਾ ਹੈ। ਕਿਉਂਕਿ ਸਮੇਂ ਨੂੰ ਰੁਕਣ ਦੀ ਜਾਂਚ ਹੀ ਨਹੀਂ ਹੈ। ਜੇਕਰ ਸਮਾਂ ਇਕ ਵਾਰ ਲੰਘ ਜਾਵੇ ਤਾਂ ਉਹ ਕਦੇ ਵੀ ਵਾਪਸ ਨਹੀਂ ਆਉਂਦਾ। ਇਸ ਲਈ ਤੈਨੂੰ ਆਪਣਾ ਵਰਤਮਾਨ ਸਮਾਂ ਸਫ਼ਲ ਬਣਾਉਣ ਲਈ ਹਰ ਸਮੇਂ ਚੰਗੇ ਕੰਮ ਕਰਦੇ ਰਹਿਣਾ ਚਾਹੀਦਾ ਹੈ।

## ਕੇਂਦਰੀ ਭਾਵ

ਸਮੇਂ ਦਾ ਸੁਭਾਅ ਹਮੇਸ਼ਾ ਚੱਲਦੇ ਰਹਿਣ ਵਾਲਾ ਹੈ। ਮਨੁੱਖ ਇਸ ਨੂੰ ਕੋਈ ਵੀ ਹੀਲਾ ਵਰਤ ਕੇ ਰੋਕ ਨਹੀਂ ਸਕਦਾ। ਇਸ ਲਈ ਮਨੁੱਖ ਨੂੰ ਵਰਤਮਾਨ ਸਮਾਂ ਨਾਮ ਸਿਮਰਨ ਅਤੇ ਨੇਕ ਕੰਮਾਂ ਵਿਚ ਲਾ ਕੇ ਸਫਲ ਕਰ ਲੈਣਾ ਚਾਹੀਦਾ ਹੈ।

## ਵਸਤੂਨਿਸ਼ਠ ਪ੍ਰਸ਼ਨ

**ਪ੍ਰਸ਼ਨ 1. 'ਸਮਾਂ' ਕਵਿਤਾ ਦਾ ਲੇਖਕ ਕੌਣ ਹੈ ?**

ਉੱਤਰ - ਭਾਈ ਵੀਰ ਸਿੰਘ ।

**ਪ੍ਰਸ਼ਨ 2. 'ਸਮਾਂ' ਕਵਿਤਾ ਵਿੱਚ ਕਿਸ ਦੀ ਸੰਭਾਲ ਕਰਨ ਲਈ ਕਿਹਾ ਗਿਆ ਹੈ ?**

ਉੱਤਰ - ਸਮੇਂ ਦੀ ।

**ਪ੍ਰਸ਼ਨ 3. 'ਸਮਾਂ' ਕਵਿਤਾ ਵਿੱਚ ਕਿਸ ਨੂੰ ਸਫਲ ਕਰਨ ਲਈ ਕਿਹਾ ਗਿਆ ਹੈ ?**

ਉੱਤਰ - ਸਮੇਂ ਨੂੰ ।

**ਪ੍ਰਸ਼ਨ 4. ਸਮੇਂ ਨੂੰ ਕਿਸ ਚੀਜ਼ ਦੀ ਜਾਂਚ ਨਹੀਂ ਹੈ ?**

ਉੱਤਰ - ਰੁਕਣ ਦੀ ।

**ਪ੍ਰਸ਼ਨ 5. ਕਿਹੜਾ ਸਮਾਂ ਮਨੁੱਖ ਦੇ ਹੱਥ ਵਿੱਚ ਹੈ ?**

ਉੱਤਰ - ਵਰਤਮਾਨ ।

**ਪ੍ਰਸ਼ਨ 6. ਮਨੁੱਖ ਵਰਤਮਾਨ ਸਮੇਂ ਨੂੰ ਕਿਵੇਂ ਸਫ਼ਲ ਕਰ ਸਕਦਾ ਹੈ ?**

ਉੱਤਰ - ਨਾਮ ਸਿਮਰਨ ਕਰਕੇ ਅਤੇ ਚੰਗੇ ਕੰਮਾਂ ਵਿੱਚ ਲਾ ਕੇ ।



**ਤਿਆਰ ਕਰਤਾ - ਗੁਰਦੀਪ ਸਿੰਘ ਪੰਜਾਬੀ ਮਾਸਟਰ**
**ਸਰਕਾਰੀ ਸੀਨੀ. ਸੈਕੰ. ਸਕੂਲ ਕੋਟਲੀ ਅਬਲੂ,**
**ਸ਼੍ਰੀ ਮੁਕਤਸਰ ਸਾਹਿਬ**
**ਮੋ. 9193700037**